## 09(8) ਸਟਰੈਂਥਨਿੰਗ ਆਫ 108 ਕਮਿਊਨਿਟੀ ਸੈਂਟਰਜ ਫਾਰ ਪ੍ਰੋਵਾਈਡਿੰਗ ਇਕਊਪਮੈਂਟ ਐਂਡ ਰਾਅ ਮਟੀਰੀਅਲ (ਐਸ.ਸੀ.ਏ.)

### ਸਕੀਮ ਦਾ ਉਦੇਸ਼

ਕਮਿਊਨਿਟੀ ਸੈਂਟਰਜ਼ ਦੀ ਸਕੀਮ ਸਾਲ 1956-57 ਵਿਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਤਹਿਤ ਪੰਜਾਬ ਰਾਜ ਦੇ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਮੁਹੱਲਿਆਂ ਵਿਚ ਛੂਤ-ਛਾਤ ਦੂਰ ਕਰਨ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ, ਪਿੰਡਾਂ ਵਿਚ ਕਮਿਊਨਿਟੀ ਸੈਂਟਰਾਂ ਦੀ ਸਥਾਪਨਾ ਕੀਤੀ ਗਈ ਸੀ । ਕਮਿਊਨਿਟੀ ਸੈਂਟਰਜ਼ ਦੀ ਸਕੀਮ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜਨਰਲ ਜਾਤੀਆਂ ਦੀਆਂ ਪਿੰਡਾਂ ਵਿੱਚ ਰਹਿ ਰਹੀਆਂ ਔਰਤਾਂ/ਲੜਕੀਆਂ ਨੂੰ, ਸਬੰਧਤ ਪਿੰਡਾਂ ਵਿੱਚ ਸੈਂਟਰ ਸਥਾਪਤ ਕਰਕੇ ਸਿਲਾਈ ਅਤੇ ਕਢਾਈ ਦੀ ਇੱਕਠੇ ਟਰੇਨਿੰਗ ਦੇਣਾ ਹੈ ਤਾਂ ਜੋ ਸਿਲਾਈ ਕਢਾਈ ਦੀ ਟਰੇਨਿੰਗ ਪ੍ਰਾਪਤ ਕਰਨ ਉਪਰੰਤ ਇਹ ਆਪਣਾ ਨਿੱਜੀ ਕੰਮ ਕਰਨ ਦੇ ਯੋਗ ਹੋ ਸਕਣ ਅਤੇ ਆਪਣੇ ਪਰਿਵਾਰ ਅਤੇ ਆਂਢੀਆਂ-ਗੁਆਂਢੀਆਂ ,ਮੁਹੱਲੇ ਅਤੇ ਪਿੰਡ ਦੇ ਲੋਕਾਂ ਦੇ ਕੱਪੜੇ ਸਿਊਂ ਕੇ ਸਵੈ-ਰੁਜ਼ਗਾਰ ਸ਼ੁਰੂ ਕਰ ਸਕਣ ਅਤੇ ਜਿਸ ਨਾਲ ਆਪਣੀ ਆਰਥਿਕ ਸਥਿਤੀ ਮਜਬੂਤ ਕਰਦੇ ਹੋਏ ਆਪਣੇ ਜੀਵਨ ਦਾ ਗੁਜ਼ਾਰਾ ਠੀਕ ਢੰਗ ਨਾਲ ਕਰ ਸਕਣ। ਇਹ ਟਰੇਨਿੰਗ ਇੱਕ ਸਾਲ ਦੀ ਹੁੰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਕੇਂਦਰਾਂ ਵਿੱਚ ਬਾਲਵਾੜੀ ਕਲਾਸ ਅਤੇ ਐਡਲਟ ਕਲਾਸ ਵੀ ਲਗਾਈ ਜਾਂਦੀ ਹੈ। ਟਰੇਨਿੰਗ ਦੇਣ ਵਾਸਤੇ ਹਰ ਇੱਕ ਕੇਂਦਰ ਵਿੱਚ ਇੱਕ ਸਮਾਜ ਸੇਵਿਕਾ ਅਤੇ ਇੱਕ ਲੇਡੀ ਅਟੈਂਡੈਂਟ ਨਿਯੁਕਤੀ ਕੀਤੀਆਂ ਹੋਈਆਂ ਹਨ। ਸਟਾਫ ਨੂੰ ਤਨਖਾਹ ਨਾਨ ਪਲਾਨ ਸਾਈਡ ਤੇ ਦਿੱਤੀ ਜਾਂਦੀ ਹੈ। ਸਕੀਮ ਅਧੀਨ 108 ਕਮਿਊਨਿਟੀ ਸੈਂਟਰ ਪ੍ਰਵਾਨਤ ਹਨ। ਜਿਨ੍ਹਾਂ ਵਿਚੋਂ 88 ਕੇਂਦਰ ਚਲਾਏ ਜਾ ਰਹੇ ਹਨ ਬਾਕੀ ਦੇ ਕੇਂਦਰ ਪੋਸਟਾਂ ਖਾਲੀ ਹੋਣ ਕਾਰਨ ਬੰਦ ਪਏ ਹਨ।

### ਪਿੰਡ ਵਿੱਚ ਕੇਂਦਰ ਖੋਲ੍ਹਣ ਦੀ ਵਿਧੀ

ਇਹ ਕੇਂਦਰ ਅਜਿਹੇ ਪਿੰਡਾਂ ਵਿੱਚ ਖੋਲ੍ਹੇ ਜਾਂਦੇ ਹਨ, ਜਿਹਨਾਂ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਵੱਧ ਤੋਂ ਵੱਧ ਹੁੰਦੀ ਹੈ ਅਤੇ ਉਨ੍ਹਾਂ ਵਿਚੋਂ ਜਿਆਦਾ ਪਰਿਵਾਰ ਗਰੀਬੀ ਦੀ ਰੇਖਾ ਤੋਂ ਹੇਠਾਂ ਦਾ ਜੀਵਨ ਬਤੀਤ ਕਰ ਰਹੇ ਹੁੰਦੇ ਹਨ। ਸਬੰਧਤ ਪਿੰਡ ਦੀ ਪੰਚਾਇਤ ਕੇਂਦਰ ਵਾਸਤੇ ਮੁਫਤ ਬਿਲਡਿੰਗ ਦੇਣ ਨੂੰ ਤਿਆਰ ਹੋਣੀ ਚਾਹੀਦੀ ਹੈ। ਜਿਸ ਵਿੱਚ ਬਿਜਲੀ, ਪਾਣੀ ਦਾ ਉਚਿਤ ਪ੍ਰਬੰਧ ਹੋਵੇ। ਪਿੰਡ ਦੇ ਲੋਕ ਕੇਂਦਰ ਦੀਆਂ ਗਤੀਵਿਧੀਆਂ ਵਿੱਚ ਸਹਿਯੋਗ ਦੇਣ ਲਈ ਤਿਆਰ ਹੋਣ ਅਤੇ ਪਿੰਡ ਦੀਆਂ ਘੱਟੋ-ਘੱਟ 40 ਲੜਕੀਆਂ/ਔਰਤਾਂ ਸਿਲਾਈ ਕਢਾਈ ਦੀ ਟਰੇਨਿੰਗ ਲੈਣ ਲਈ ਤਿਆਰ ਹੋਣੀਆਂ ਚਾਹੀਦੀਆਂ ਹਨ ।

### ਮੌਜੂਦਾ ਨਾਰਮਜ਼

ਸਾਲ 19940-95 ਤੋਂ ਇਹ ਸਕੀਮ ਵਿਸੇਸ਼ ਕੇਂਦਰੀ ਸਹਾਇਤਾ ਨਾਲ ਲਾਗੂ ਕੀਤੀ ਜਾ ਰਹੀ ਹੈ। ਸਕੀਮ ਅਧੀਨ ਟਰੇਨਿੰਗ ਪ੍ਰਾਪਤ ਕਰਨ ਵਾਲੀਆਂ ਸਿਖਿਆਰਥਣਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦੀਆਂ ਪ੍ਰਤੀ ਕੇਂਦਰ 20-20 ਲੜਕੀਆਂ/ਔਰਤਾਂ ਨੂੰ ਇੱਕ ਸਾਲ ਦੀ ਟਰੇਨਿੰਗ ਪ੍ਰਾਪਤ ਕਰਨ ਤੇ ਟੈਸਟ ਪਾਸ ਕਰਨ ਉਪਰੰਤ ਇੱਕ ਇੱਕ ਸਿਲਾਈ ਮਸ਼ੀਨ ਮੁਫਤ ਦਿੱਤੀ ਜਾਂਦੀ ਹੈ ਤਾਂ ਜੋ ਉਹ ਟਰੇਨਿੰਗ ਦਾ ਅਭਿਆਸ ਲਗਾਤਾਰ ਕਰ ਸਕਣ ਅਤੇ ਆਪਣੀ ਉਪ-ਜੀਵਿਕਾ ਕਮਾਉਣ ਦੇ ਯੋਗ ਹੋ ਸਕਣ। ਟਰੇਨਿੰਗ ਦੌਰਾਨ ਸਿਖਿਆਰਥੀਆਂ ਦੁਆਰਾ ਤਿਆਰ ਕੀਤੀਆਂ ਗਈਆਂ ਵਸਤੂਆਂ ਨੂੰ ਸਮੇ- ਸਮੇਂ ਤੇ ਨੁਮਾਇਸ਼ ਲਗਾ ਦੇ 10% ਲਾਭ ਤੇ ਸੇਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪ੍ਰਾਪਤ ਹੋਣ ਵਾਲੀ ਆਮਦਨ ਤੋਂ ਕੇਂਦਰਾਂ ਲਈ ਸਿਲਾਈ ਦਾ ਮਟੀਰੀਅਲ ਖਰੀਦਣ ਲਈ ਰਿਵਾਲਵਿੰਗ ਫੰਡਜ ਪ੍ਰਾਪਤ ਹੁੰਦੇ ਹਨ। ਜਿਸ ਨਾਲ ਹਰ ਸਾਲ ਸੈਂਟਰਾ ਵਾਸਤੇ ਰਾਅ [illegible]